ਮਿੱਠੇ ਬੱਚੇ:- ਸੰਸਾਰ ਦੀਆਂ ਸਾਰੀਆਂ ਆਤਮਾਵਾਂ ਅਣਜਾਣ ਅਤੇ ਦੁੱਖੀ ਹਨ , ਤੁਸੀਂ ਉਨ੍ਹਾਂ ਤੇ ਉਪਕਾਰ ਕਰੋ , ਬਾਪ ਦੀ ਪਹਿਚਾਣ ਦੇ ਕੇ ਖੁਸ਼ੀ ਵਿੱਚ ਲਿਆਓ , ਉਨ੍ਹਾਂ ਦੀਆਂ ਅੱਖਾਂ ਖੋਲੋ "

ਪ੍ਰਸ਼ਨ:- ਕਿਸੇ ਵੀ ਸੈਂਟਰ ਦੇ ਵਾਧੇ ਦਾ ਆਧਾਰ ਕੀ ਹੈ?

ਉੱਤਰ:- ਨਿਸਵਾਰਥ ਸੱਚੇ ਦਿਲ ਦੀ ਸੇਵਾ। ਤੁਹਾਨੂੰ ਸਰਵਿਸ ਦਾ ਸਦਾ ਸ਼ੌਂਕ ਰਹੇ ਤਾਂ ਹੂੰਡੀ ਭਰਦੀ ਰਹੇਗੀ। ਜਿੱਥੇ ਸਰਵਿਸ ਹੋ ਸਕਦੀ ਹੈ ਉੱਥੇ ਪ੍ਰਬੰਧ ਕਰਨਾ ਚਾਹੀਦਾ ਹੈ। ਮੰਗਣਾ ਕਿਸੇ ਤੋਂ ਵੀ ਨਹੀਂ ਹੈ। ਮੰਗਣ ਤੋਂ ਮਰਨਾ ਚੰਗਾ। ਆਪੇਹੀ ਸਭ ਕੁੱਝ ਆਵੇਗਾ। ਤੁਸੀਂ ਬਾਹਰ ਵਾਲਿਆਂ ਦੀ ਤਰ੍ਹਾਂ ਚੰਦਾ ਇਕੱਠਾ ਨਹੀਂ ਕਰ ਸਕਦੇ। ਮੰਗਣ ਨਾਲ ਸੈਂਟਰ ਜ਼ੋਰ ਨਹੀਂ ਭਰੇਗਾ ਇਸਲਈ ਬਿਗਰ ਮੰਗੇ ਸੈਂਟਰ ਨੂੰ ਜਮਾਓ।

ਓਮ ਸ਼ਾਂਤੀ। ਰੂਹਾਨੀ ਬੱਚੇ ਇੱਥੇ ਬੈਠੇ ਹਨ, ਬੁੱਧੀ ਵਿੱਚ ਇਹ ਗਿਆਨ ਹੈ, ਕਿਵੇਂ ਸ਼ੁਰੂ ਵਿੱਚ ਅਸੀਂ ਉੱਪਰ ਤੋਂ ਆਉਂਦੇ ਹਾਂ। ਜਿਵੇਂ ਵਿਸ਼ਨੂੰ ਅਵਤਰਣ ਦਾ ਇੱਕ ਖੇਲ ਵਿਖਾਉਂਦੇ ਹਨ। ਵਿਮਾਨ ਤੇ ਬੈਠ ਕੇ ਫਿਰ ਹੇਠਾਂ ਆਉਂਦੇ ਹਨ। ਹੁਣ ਤੁਸੀ ਬੱਚੇ ਸਮਝਦੇ ਹੋ ਅਵਤਾਰ ਆਦਿ ਜੋ ਕੁੱਝ ਵਿਖਾਉਂਦੇ ਹਨ ਉਹ ਸਾਰਾ ਗ਼ਲਤ ਹੈ। ਹੁਣ ਤੁਸੀ ਸਮਝਦੇ ਹੋ ਅਸੀਂ ਆਤਮਾਵਾਂ ਅਸਲ ਵਿੱਚ ਕਿਥੋਂ ਦੇ ਰਹਿਣ ਵਾਲੇ ਹਾਂ, ਕਿਵੇਂ ਉੱਪਰ ਤੋਂ ਫਿਰ ਇੱਥੇ ਆਉਂਦੇ ਹਾਂ। ਕਿਵੇਂ 84 ਜਨਮਾਂ ਦਾ ਪਾਰਟ ਵਜਾਉਂਦੇ ਪਤਿਤ ਬਣਦੇ ਹਨ? ਹੁਣ ਫਿਰ ਬਾਪ ਤੁਹਾਨੂੰ ਪਵਿੱਤਰ ਬਣਾਉਂਦੇ ਹਨ। ਇਹ ਤਾਂ ਜਰੂਰ ਤੁਹਾਡੀ ਸਟੂਡੈਂਟਸ ਦੀ ਬੁੱਧੀ ਵਿੱਚ ਹੋਣਾ ਚਾਹੀਦਾ ਹੈ, 84 ਦਾ ਚੱਕਰ ਅਸੀਂ ਕਿਵੇਂ ਲਗਾਉਂਦੇ ਹਾਂ ? ਇਹ ਯਾਦ ਵਿੱਚ ਰਹਿਣਾ ਚਾਹੀਦਾ ਹੈ। ਬਾਪ ਹੀ ਸਮਝਾਉਂਦੇ ਹਨ - ਤੁਸੀਂ ਕਿਵੇਂ 84 ਜਨਮ ਲੈਂਦੇ ਹੋ। ਕਲਪ ਦੀ ਉੱਮਰ ਨੂੰ ਲੰਬਾ - ਚੋੜਾ ਟਾਈਮ ਦੇਣ ਕਾਰਣ ਇੰਨੀ ਸੌਖੀ ਗੱਲ ਵੀ ਮਨੁੱਖ ਸਮਝਦੇ ਨਹੀਂ, ਇਸਲਈ ਅੰਧ ਵਿਸ਼ਵਾਸ਼ ਕਿਹਾ ਜਾਂਦਾ ਹੈ। ਜੋ ਵੀ ਹੋਰ ਧਰਮ ਹਨ ਉਹ ਕਿਵੇਂ ਸਥਾਪਨ ਹੁੰਦੇ ਹਨ ਇਹ ਵੀ ਤੁਹਾਡੀ ਬੁੱਧੀ ਵਿੱਚ ਹੈ। ਤੁਸੀਂ ਜਾਣਦੇ ਹੋ ਪੁਨਰਜਨਮ ਲੈਂਦੇ - ਲੈਂਦੇ, ਪਾਰਟ ਵਜਾਉਂਦੇ -ਵਜਾਉਂਦੇ ਹੁਣ ਅੰਤ ਵਿੱਚ ਆਕੇ ਪਹੁੰਚੇ ਹਾਂ। ਹੁਣ ਫ਼ਿਰ ਵਾਪਿਸ ਜਾਂਦੇ ਹਾਂ। ਇਹ ਨਾਲੇਜ ਤੁਹਾਨੂੰ ਬੱਚਿਆਂ ਨੂੰ ਹੀ ਹੈ। ਦੁਨੀਆਂ ਵਿੱਚ ਹੋਰ ਕੋਈ ਵੀ ਇਸ ਨਾਲੇਜ ਨੂੰ ਨਹੀਂ ਜਾਣਦੇ ਹਨ। ਕਹਿੰਦੇ ਵੀ ਹਨ 5 ਹਜ਼ਾਰ ਸਾਲ ਪਹਿਲੋਂ ਪੈਰਾਡਾਇਜ਼ ਸੀ। ਪਰੰਤੂ ਉਹ ਕੀ ਸੀ, ਇਹ ਨਹੀਂ ਜਾਣਦੇ ਹਨ। ਜਰੂਰ ਆਦਿ ਸਨਾਤਨ ਦੇਵੀ - ਦੇਵਤਾਵਾਂ ਦਾ ਰਾਜ ਸੀ। ਪਰੰਤੂ ਇਹ ਬਿਲਕੁਲ ਨਹੀਂ ਜਾਣਦੇ। ਤੁਸੀਂ ਸਮਝਦੇ ਹੋ ਅਸੀਂ ਵੀ ਪਹਿਲੋਂ ਕੁੱਝ ਨਹੀਂ ਜਾਣਦੇ ਸੀ। ਹੋਰ ਧਰਮ ਵਾਲੇ ਇਵੇਂ ਥੋੜ੍ਹੀ ਹੀ ਹਨ ਕਿ ਆਪਣੇ ਧਰਮ ਸਥਾਪਕ ਨੂੰ ਨਹੀਂ ਜਾਣਦੇ। ਤੁਸੀਂ ਹੁਣ ਜਾਣਕੇ ਨਾਲੇਜਫੁਲ ਬਣੇ ਹੋ। ਬਾਕੀ ਸਾਰੀ ਦੁਨੀਆਂ ਅਣਜਾਣ ਹੈ। ਅਸੀਂ ਕਿੰਨੇ ਸਮਝਦਾਰ ਬਣੇ ਸੀ, ਫਿਰ ਹੁਣ ਬੇਸਮਝ ਅਣਜਾਣ ਹੋ ਗਏ ਹਾਂ। ਮਨੁੱਖ ਹੋ ਕੇ ਅਥਵਾ ਐਕਟਰਸ ਹੋਕੇ ਅਸੀਂ ਨਹੀਂ ਜਾਣਦੇ ਸੀ। ਨਾਲੇਜ ਦਾ ਪ੍ਰਭਾਵ ਵੇਖੋ ਕਿਵੇਂ ਦਾ ਹੈ! ਇਹ ਤੁਸੀਂ ਹੀ ਜਾਣਦੇ ਹੋ। ਤਾਂ ਬੱਚਿਆਂ ਨੂੰ ਅੰਦਰ ਤੋਂ ਕਿੰਨਾ ਗਦਗਦ ਹੋਣਾ ਚਾਹੀਦਾ ਹੈ। ਜਦੋਂ ਧਾਰਨਾ ਹੋਵੇ ਤਾਂ ਹੀ ਅੰਦਰ ਤੋਂ ਉਹ ਖੁਸ਼ੀ ਆਏ। ਤੁਸੀਂ ਜਾਣਦੇ ਹੋ ਅਸੀਂ ਸ਼ੁਰੂ - ਸ਼ੁਰੂ ਵਿੱਚ ਕਿਵੇਂ ਆਏ ਫਿਰ ਕਿਵੇਂ ਸ਼ੂਦਰ ਕੁਲ ਤੋਂ ਬ੍ਰਾਹਮਣ ਕੁਲ ਵਿੱਚ ਟਰਾਂਸਫਰ ਹੋਏ। ਇਹ ਸ੍ਰਿਸ਼ਟੀ ਦਾ ਚੱਕਰ ਕਿਵੇਂ ਫਿਰਦਾ ਹੈ, ਸੋ ਤੁਹਾਡੇ ਇਲਾਵਾ ਦੁਨੀਆਂ ਵਿੱਚ ਕੋਈ ਵੀ ਜਾਣਦਾ ਨਹੀਂ ਹੈ। ਅੰਦਰ ਇਹ ਗਿਆਨ ਡਾਂਸ ਹੋਣਾ ਚਾਹੀਦਾ ਹੈ। ਬਾਬਾ ਸਾਨੂੰ ਕਿੰਨੀ ਵੰਡਰਫੁਲ ਨਾਲੇਜ ਦਿੰਦੇ ਹਨ, ਜਿਸ ਨਾਲੇਜ ਨਾਲ ਅਸੀਂ ਆਪਣਾ ਵਰਸਾ ਪਾਉਂਦੇ ਹਾਂ। ਲਿਖਿਆ ਹੋਇਆ ਵੀ ਹੈ ਇਸ ਰਾਜਯੋਗ ਨਾਲ ਮੈਂ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਪਰੰਤੂ ਕੁੱਝ ਸਮਝ ਵਿੱਚ ਨਹੀਂ ਆਉਂਦਾ ਸੀ। ਹੁਣ ਬੁੱਧੀ ਵਿੱਚ ਸਾਰਾ ਰਾਜ਼ ਆ ਗਿਆ ਹੈ। ਅਸੀਂ ਸ਼ੂਦਰ ਤੋਂ ਹੁਣ ਸੋ ਬ੍ਰਾਹਮਣ ਬਣਦੇ ਹਾਂ। ਇਹ ਮੰਤਰ ਵੀ ਬੁੱਧੀ ਵਿੱਚ ਹੈ। ਅਸੀਂ ਸੋ ਬ੍ਰਾਹਮਣ ਫ਼ਿਰ ਦੇਵਤਾ ਬਣਾਂਗੇ। ਫਿਰ ਅਸੀਂ ਉਤਰਦੇ- ਉਤਰਦੇ ਹੇਠਾਂ ਆਉਂਦੇ ਹਾਂ। ਕਿੰਨਾ ਪੁਨਰਜਨਮ ਲੈਂਦੇ ਚੱਕਰ ਲਗਾਉਂਦੇ ਹਾਂ। ਇਹ ਨਾਲੇਜ ਬੁੱਧੀ ਵਿੱਚ ਰਹਿਣ ਕਾਰਨ ਖੁਸ਼ੀ ਵੀ ਰਹਿਣੀ ਚਾਹੀਦੀ ਹੈ। ਹੋਰਾਂ ਨੂੰ ਇਹ ਨਾਲੇਜ ਕਿਵੇਂ ਮਿਲੇ? ਕਿੰਨੇ ਖਿਆਲਾਤ ਚਲਦੇ ਰਹਿੰਦੇ ਹਨ। ਕਿਵ਼ੇਂ ਸਭਨੂੰ ਬਾਪ ਦਾ ਪਰਿਚੈ ਦੇਵੇਂ ? ਤੁਸੀਂ ਬ੍ਰਾਹਮਣ ਕਿੰਨਾ ਉਪਕਾਰ ਕਰਦੇ ਹੋ। ਬਾਪ ਵੀ ਉਪਕਾਰ ਕਰਦੇ ਹਨ ਨਾ। ਜੋ ਬਿਲਕੁੱਲ ਹੀ ਅਣਜਾਣ ਹਨ ਉਨ੍ਹਾਂ ਨੂੰ ਸਦਾ ਸੁਖੀ ਬਣਾਈਏ। ਅੱਖਾਂ ਖੋਲੋ। ਖੁਸ਼ੀ ਹੁੰਦੀ ਹੈ ਨਾ। ਜਿਨ੍ਹਾਂ ਨੂੰ ਸਰਵਿਸ ਦਾ ਸ਼ੋਂਕ ਰਹਿੰਦਾ ਹੈ ਨਾ ਉਨ੍ਹਾਂ ਨੂੰ ਅੰਦਰ ਵਿੱਚ ਆਉਣਾ ਚਾਹੀਦਾ ਹੈ, ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਅਸੀਂ ਆਤਮਾਵਾਂ ਕਿਥੋਂ ਦੀਆਂ ਰਹਿਣ ਵਾਲਿਆਂ ਹਾਂ, ਫਿਰ ਕਿਵੇਂ ਆਉਂਦੀਆਂ ਹਨ ਪਾਰਟ ਵਜਾਉਣ? ਕਿੰਨੇ ਉੱਚ ਬਣਦੇ ਹਾਂ ਫ਼ਿਰ ਕਿਵੇਂ ਹੇਠਾਂ ਆਉਂਦੇ ਹਾਂ ਫਿਰ ਰਾਵਣ ਰਾਜ ਕਦੋਂ ਸ਼ੁਰੂ ਹੁੰਦਾ ਹੈ ? ਇਹ ਹੁਣੇ ਬੁੱਧੀ ਵਿੱਚ ਆਇਆ ਹੈ।

ਭਗਤੀ ਅਤੇ ਗਿਆਨ ਵਿੱਚ ਰਾਤ - ਦਿਨ ਦਾ ਫਰਕ ਹੈ। ਸ਼ੁਰੂ ਤੋਂ ਭਗਤੀ ਕਿਸਨੇ ਕੀਤੀ ਹੈ ? ਤੁਸੀਂ ਕਹੋਗੇ ਪਹਿਲੋਂ - ਪਹਿਲੋਂ ਅਸੀਂ ਆਏ ਤਾਂ ਬਹੁਤ ਸੁੱਖ ਵੇਖਿਆ ਫਿਰ ਅਸੀਂ ਭਗਤੀ ਕਰਨ ਲੱਗੇ। ਪੁਜੀਏ ਅਤੇ ਪੁਜਾਰੀ ਵਿੱਚ ਕਿੰਨਾ ਰਾਤ - ਦਿਨ ਦਾ ਫਰਕ ਹੈ। ਤੁਹਾਡੇ ਕੋਲ ਹੁਣ ਕਿੰਨਾ ਗਿਆਨ ਹੈ। ਖੁਸ਼ੀ ਹੋਣੀ ਚਾਹੀਦੀ ਹੈ ਨਾ। ਕਿਵੇਂ ਅਸੀਂ 84 ਦਾ ਚੱਕਰ ਲਗਾਇਆ ਹੈ। ਕਿੱਥੇ 84 ਜਨਮ, ਕਿੱਥੇ 84 ਲੱਖ! ਇੰਨੀ ਛੋਟੀ ਜਿਹੀ ਗੱਲ ਵੀ ਕਿਸੇ ਦੇ ਧਿਆਨ ਵਿੱਚ ਨਹੀਂ ਆਉਂਦੀ ਹੈ। ਲੱਖਾਂ ਸਾਲਾਂ ਦੀ ਭੇਂਟ ਵਿੱਚ ਤਾਂ ਇਹ ਇੱਕ - ਦੋ ਦਿਨ ਦੇ ਬਰਾਬਰ ਜੋ ਜਾਂਦਾ ਹੈ। ਚੰਗੇ - ਚੰਗੇ ਬੱਚਿਆਂ ਦੀ ਬੁੱਧੀ ਵਿੱਚ ਇਹ ਚੱਕਰ ਫ਼ਿਰਦਾ ਰਹਿੰਦਾ ਹੈ, ਤਾਂ ਹੀ ਕਿਹਾ ਜਾਂਦਾ ਹੈ ਸਵਦਰਸ਼ਨ

ਚੱਕਰਧਾਰੀ। ਸਤਿਯੁੱਗ ਵਿੱਚ ਇਹ ਨਾਲੇਜ ਹੁੰਦੀ ਨਹੀਂ। ਸਵਰਗ ਦਾ ਕਿੰਨਾ ਗਾਇਨ ਹੈ। ਉੱਥੇ ਸਿਰਫ਼ ਭਾਰਤ ਹੀ ਸੀ। ਜੋ ਸੀ ਉਹ ਫ਼ਿਰ ਬਣਨਾ ਹੀ ਹੈ। ਬਾਹਰ ਤੋਂ ਤਾਂ ਵੇਖਣ ਵਿੱਚ ਕੁੱਝ ਨਹੀਂ ਆਉਂਦਾ ਹੈ। ਸਾਕਸ਼ਤਕਾਰ ਹੁੰਦਾ ਹੈ। ਤੁਸੀਂ ਜਾਣਦੇ ਹੋ ਇਹ ਪੁਰਾਣੀ ਦੁਨੀਆਂ ਖ਼ਤਮ ਹੋਣੀ ਹੈ ਫਿਰ ਨੰਬਰਵਾਰ ਅਸੀਂ ਨਵੀਂ ਦੁਨੀਆਂ ਵਿੱਚ ਆਵਾਂਗੇ। ਆਤਮਾਏਂ ਕਿਵੇਂ ਆਉਂਦੀਆਂ ਹਨ ਪਾਰਟ ਵਜਾਉਣ, ਉਹ ਵੀ ਤੁਸੀਂ ਸਮਝ ਗਏ ਹੋ। ਆਤਮਾਵਾਂ ਇਵੇਂ ਕੋਈ ਉਪਰੋਂ ਉਤਰਦੀਆਂ ਨਹੀਂ ਹਨ, ਜਿਵੇਂ ਨਾਟਕ ਵਿੱਚ ਵਿਖਾਉਂਦੇ ਹਨ। ਆਤਮਾ ਨੂੰ ਤਾਂ ਇਨ੍ਹਾਂ ਅੱਖਾਂ ਨਾਲ ਕੋਈ ਵੇਖ ਵੀ ਨਹੀਂ ਸਕਦਾ। ਆਤਮਾ ਕਿਵੇਂ ਆਉਂਦੀ ਹੈ, ਛੋਟੇ ਸ਼ਰੀਰ ਵਿੱਚ ਕਿਵੇਂ ਪ੍ਰਵੇਸ਼ ਕਰਦੀ ਹੈ, ਬੜਾ ਹੀ ਵੰਡਰਫੁਲ ਖੇਲ ਹੈ। ਇਹ ਪੜ੍ਹਾਈ ਇਸ਼ਵਰੀਏ ਹੈ। ਇਸ ਵਿੱਚ ਦਿਨ-ਰਾਤ ਖਿਆਲਾਤ ਚਲਣੇ ਚਾਹੀਦੇ ਹਨ। ਅਸੀਂ ਇੱਕ ਵਾਰ ਸਮਝ ਲੈਂਦੇ ਹਾਂ, ਜਿਵੇਂ ਕਿ ਵੇਖ ਲੈਂਦੇ ਹਾਂ ਫਿਰ ਵਰਨਣ ਕਰਦੇ ਹਾਂ। ਪਹਿਲੋਂ ਜਾਦੂ ਵਾਲੇ ਲੋਕ ਬਹੁਤ ਚੀਜਾਂ ਕੱਢ ਕੇ ਵਿਖਾਉਂਦੇ ਸਨ। ਬਾਪ ਨੂੰ ਵੀ ਜਾਦੂਗਰ, ਸੌਦਾਗਰ, ਰਤਨਾਗਰ ਕਹਿੰਦੇ ਹਨ ਨਾ। ਆਤਮਾ ਵਿੱਚ ਹੀ ਸਾਰਾ ਗਿਆਨ ਠਹਿਰਦਾ ਹੈ। ਆਤਮਾ ਹੀ ਗਿਆਨ ਸਾਗਰ ਹੈ। ਭਾਵੇ ਕਹਿੰਦੇ ਹਨ ਪਰਮਾਤਮਾ ਗਿਆਨ ਦਾ ਸਾਗਰ ਹੈ, ਪਰੰਤੂ ਉਹ ਕੌਣ ਹੈ, ਕਿਵੇਂ ਉਹ ਜਾਦੂਗਰ ਹੈ, ਇਹ ਕਿਸੇ ਨੂੰ ਵੀ ਪਤਾ ਨਹੀਂ ਹੈ। ਪਹਿਲੋਂ ਤੁਸੀਂ ਵੀ ਨਹੀਂ ਸਮਝਦੇ ਸੀ। ਹੁਣ ਬਾਪ ਆਕੇ ਦੇਵਤਾ ਬਣਾਉਂਦੇ ਹਨ। ਅੰਦਰ ਵਿੱਚ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਇੱਕ ਬਾਪ ਹੀ ਨਾਲੇਜਫੁਲ ਹੈ ਸਾਨੂੰ ਪੜ੍ਹਾਉਂਦੇ ਵੀ ਹਨ। ਇਹ ਸਿਰਫ਼ ਤੁਸੀਂ ਬੱਚੇ ਹੀ ਜਾਣਦੇ ਹੋ। ਇਹ ਦਿਨ - ਰਾਤ ਅੰਦਰ ਵਿੱਚ ਸਿਮਰਨ ਚਲਣਾ ਚਾਹੀਦਾ ਹੈ। ਇਹ ਬੇਹੱਦ ਦੇ ਨਾਟਕ ਦੀ ਨਾਲੇਜ ਸਿਰਫ਼ ਇੱਕ ਬਾਪ ਹੀ ਸੁਣਾ ਸਕਦੇ ਹਨ ਹੋਰ ਕੋਈ ਸੁਣਾ ਨਾ ਸਕੇ। ਬਾਬਾ ਨੇ ਵੇਖਿਆ ਥੋੜ੍ਹੇ ਹੀ ਹੈ, ਪਰੰਤੂ ਉਨ੍ਹਾਂ ਵਿੱਚ ਸਾਰੀ ਨਾਲੇਜ ਹੈ। ਬਾਪ ਕਹਿੰਦੇ ਹਨ ਮੈਂ ਸਤਿਯੁੱਗ ਤ੍ਰੇਤਾ ਵਿੱਚ ਤਾਂ ਨਹੀਂ ਆਉਂਦਾ ਹਾਂ ਪਰ ਨਾਲੇਜ ਸਾਰੀ ਸੁਣਾਉਂਦਾ ਹਾਂ। ਵੰਡਰ ਲਗਦਾ ਹੈ ਨਾ। ਜਿਸਨੇ ਕਦੀ ਪਾਰਟ ਹੀ ਨਹੀਂ ਲਿਆ, ਉਹ ਕਿਵੇਂ ਦਸਦੇ ਹਨ! ਬਾਪ ਕਹਿੰਦੇ ਹਨ ਮੈਂ ਕੁੱਝ ਵੀ ਵੇਖਦਾ ਨਹੀਂ ਹਾਂ। ਨਾ ਮੈਂ ਸਤਿਯੁੱਗ - ਤ੍ਰੇਤਾ ਵਿੱਚ ਆਉਂਦਾ ਹਾਂ ਪ੍ਰੰਤੂ ਮੇਰੇ ਵਿੱਚ ਨਾਲੇਜ ਕਿੰਨੀ ਚੰਗੀ ਹੈ ਜੋ ਮੈਂ ਇੱਕ ਹੀ ਵਾਰ ਆਕੇ ਤੁਹਾਨੂੰ ਸੁਣਾਉਂਦਾ ਹਾਂ। ਤੁਸੀਂ ਪਾਰਟ ਵਜਾਇਆ, ਤੁਸੀਂ ਜਾਣਦੇ ਨਹੀਂ ਹੋ ਅਤੇ ਜਿਸਨੇ ਪਾਰਟ ਹੀ ਨਹੀਂ ਵਜਾਇਆ ਹੈ ਉਹ ਸਭ ਸੁਣਾਉਂਦੇ ਹਨ - ਵੰਡਰ ਹੈ ਨਾ। ਅਸੀਂ ਜੋ ਪਾਰਟਧਾਰੀ ਹਾਂ, ਅਸੀਂ ਕੁੱਝ ਨਹੀਂ ਜਾਣਦੇ ਅਤੇ ਬਾਪ ਵਿੱਚ ਕਿੰਨੀ ਸਾਰੀ ਨਾਲੇਜ ਹੈ। ਬਾਪ ਕਹਿੰਦੇ ਹਨ ਮੈਂ ਥੋੜ੍ਹੀ ਨਾ ਸਤਿਯੁੱਗ - ਤ੍ਰੇਤਾ ਵਿੱਚ ਆਉਂਦਾ ਹਾਂ ਜੋ ਤੁਹਾਨੂੰ ਅਨੁਭਵ ਸੁਣਾਵਾਂ। ਡਰਾਮਾ ਅਨੁਸਾਰ ਬਿਗਰ ਦੇਖੇ, ਅਨੁਭਵ ਕੀਤੇ ਸਾਰੀ ਨਾਲੇਜ ਦਿੰਦੇ ਹਨ। ਕਿੰਨਾ ਵੰਡਰ ਹੈ - ਮੈਂ ਪਾਰਟ ਵਜਾਉਣ ਆਉਂਦਾ ਹੀ ਨਹੀਂ ਅਤੇ ਤੁਹਾਨੂੰ ਸਾਰਾ ਪਾਰਟ ਸਮਝਾਉਂਦਾ ਹਾਂ, ਇਸਲਈ ਹੀ ਮੈਨੂੰ ਨਾਲੇਜਫੁਲ ਕਹਿੰਦੇ ਹਨ।

ਤਾਂ ਬਾਪ ਕਹਿੰਦੇ ਹੁਣ ਮਿੱਠੇ -ਮਿੱਠੇ ਬੱਚਿਓ ਆਪਣੀ ਉੱਨਤੀ ਕਰਨੀ ਹੈ ਤਾਂ ਆਪਣੇ ਨੂੰ ਆਤਮਾ ਸਮਝੋ। ਇਹ ਹੈ ਖੇਲ। ਤੁਸੀਂ ਫਿਰ ਵੀ ਇਵੇਂ ਹੀ ਖੇਲ ਕਰੋਗੇ। ਦੇਵੀ - ਦੇਵਤਾ ਬਣਾਂਗੇ। ਫਿਰ ਅੰਤ ਵਿੱਚ ਚੱਕਰ ਲਗਾਏ ਮਨੁੱਖ ਬਣਾਂਗੇ। ਵੰਡਰ ਖਾਣਾ ਚਾਹੀਦਾ ਹੈ ਨਾ। ਬਾਬਾ ਵਿੱਚ ਇਹ ਨਾਲੇਜ ਕਿੱਥੋਂ ਆਈ? ਉਨ੍ਹਾਂ ਦਾ ਤੇ ਕੋਈ ਗੁਰੂ ਵੀ ਨਹੀਂ। ਡਰਾਮਾ ਅਨੁਸਾਰ ਪਹਿਲਾਂ ਤੋਂ ਹੀ ਉਨ੍ਹਾਂ ਵਿੱਚ ਪਾਰਟ ਵਜਾਉਣ ਦੀ ਨੂੰਧ ਹੈ। ਇਸਨੂੰ ਕੁਦਰਤ ਕਹਾਂਗੇ ਨਾ। ਹਰ ਇੱਕ ਗੱਲ ਵੰਡਰਫੁਲ ਹੈ। ਤਾਂ ਬਾਪ ਬੈਠ ਨਵੀਆਂ - ਨਵੀਆਂ ਗੱਲਾਂ ਸਮਝਾਉਂਦੇ ਹਨ। ਇਵੇਂ ਦੇ ਬਾਪ ਨੂੰ ਕਿੰਨਾ ਯਾਦ ਕਰਨਾ ਚਾਹੀਦਾ ਹੈ। 84 ਦੇ ਚੱਕਰ ਨੂੰ ਵੀ ਕਿੰਨਾਂ ਯਾਦ ਕਰਨਾ ਹੈ। ਇਹ ਰਾਜ਼ ਵੀ ਬਾਬਾ ਨੇ ਸਮਝਾਇਆ ਹੈ। ਵਿਰਾਟ ਰੂਪ ਦਾ ਚਿੱਤਰ ਕਿੰਨਾ ਚੰਗਾ ਹੈ। ਜੋ ਲਕਸ਼ਮੀ - ਨਾਰਾਇਣ ਅਥਵਾ ਵਿਸ਼ਨੂੰ ਦਾ ਚਿੱਤਰ ਬਣਾਉਂਦੇ ਹਨ, ਉਹ ਹੀ ਵਿਖਾਉਂਦੇ ਹਨ - ਅਸੀਂ ਕਿਵੇਂ 84 ਜਨਮਾਂ ਵਿੱਚ ਆਉਂਦੇ ਹਾਂ। ਅਸੀਂ ਸੋ ਦੇਵਤਾ ਫਿਰ ਖਤ੍ਰੀ, ਵੈਸ਼ ਫਿਰ ਸ਼ੂਦਰ। ਇਹ ਸਿਮਰਨ ਕਰਨ ਵਿੱਚ ਕੀ ਕੋਈ ਤਕਲੀਫ ਹੈ? ਬਾਪ ਹੈ ਨਾਲੇਜਫੁਲ। ਕਿਸੇ ਤੋਂ ਪੜ੍ਹਿਆ ਥੋੜ੍ਹੇ ਹੀ ਹੈ, ਨਾ ਸ਼ਾਸਤਰ ਆਦਿ ਹੀ ਪੜ੍ਹਿਆ ਹੈ। ਬਿਗਰ ਕੁੱਝ ਵੀ ਪੜ੍ਹੇ, ਬਿਗਰ ਗੁਰੂ ਕੀਤੇ ਇਤਨੀ ਸਾਰੀ ਨਾਲੇਜ ਬੈਠ ਸੁਣਾਏ - ਇਵੇਂ ਤਾਂ ਕਦੇ ਦੇਖਿਆ ਨਹੀਂ। ਬਾਪ ਕਿੰਨਾ ਮਿੱਠਾ ਹੈ। ਭਗਤੀ ਮਾਰਗ ਵਿੱਚ ਕੋਈ ਕਿਸਨੂੰ, ਕੋਈ ਕਿਸਨੂੰ ਮਿੱਠਾ ਸਮਝੇਂਗੇ। ਜਿਸਨੂੰ ਜੋ ਆਉਂਦਾ ਹੈ ਉਨ੍ਹਾਂ ਦੀ ਪੂਜਾ ਕਰਨ ਲਗ ਪੈਂਦੇ ਹਨ। ਬਾਬਾ ਬੈਠ ਸਭ ਰਾਜ਼ ਸਮਝਾਉਂਦੇ ਹਨ। ਆਤਮਾ ਆਨੰਦ ਸਵਰੂਪ ਹੈ, ਫਿਰ ਆਤਮਾ ਹੀ ਦੁੱਖ ਰੂਪ ਛੀ - ਛੀ ਬਣ ਜਾਂਦੀ ਹੈ। ਭਗਤੀ ਮਾਰਗ ਵਿੱਚ ਤਾਂ ਕੁੱਝ ਵੀ ਤੁਸੀਂ ਨਹੀਂ ਜਾਣਦੇ ਸੀ। ਮੇਰੀ ਕਿੰਨੀ ਮਹਿਮਾ ਕਰਦੇ ਹਨ ਪ੍ਰੰਤੂ ਜਾਣਦੇ ਕੁੱਝ ਵੀ ਨਹੀਂ। ਇਹ ਵੀ ਕਿੰਨਾ ਵੰਡਰਫੁਲ ਖੇਲ ਹੈ। ਇਹ ਸਾਰਾ ਖੇਲ ਬਾਬਾ ਨੇ ਸਮਝਾਇਆ ਹੈ। ਇੰਨੇ ਚਿੱਤਰ ਸੀੜੀ ਆਦਿ ਦੇ ਕਦੇ ਦੇਖੇ ਵੀ ਨਹੀਂ ਸਨ। ਹੁਣ ਵੇਖਦੇ ਹਾਂ, ਸੁਣਦੇ ਹਾਂ ਤਾਂ ਕਹਿੰਦੇ ਵੀ ਹਨ ਇਹ ਗਿਆਨ ਤਾਂ ਠੀਕ ਤਰ੍ਹਾਂ ਹੈ। ਪਰੰਤੂ ਕਾਮ ਮਹਾਸ਼ਤਰੂ ਹੈ ਇਸ ਤੇ ਜਿੱਤ ਪਾਉਣੀ ਹੈ ਤਾਂ ਸੁਣ ਕੇ ਢਿੱਲੇ ਪੈ ਜਾਂਦੇ ਹਾਂ। ਤੁਸੀਂ ਕਿੰਨਾ ਸਮਝਾਉਂਦੇ ਹੋ, ਸਮਝਦੇ ਹੀ ਨਹੀਂ। ਕਿੰਨੀ ਮੇਹਨਤ ਲਗਦੀ ਹੈ। ਇਹ ਵੀ ਜਾਣਦੇ ਹਨ ਕਲਪ ਪਹਿਲੋਂ ਜਿਨ੍ਹਾਂ ਨੇ ਸੱਮਝਿਆ ਸੀ ਉਹ ਹੀ ਸਮਝਣਗੇ। ਦੈਵੀ ਪਰਿਵਾਰ ਵਾਲੇ ਜਿੰਨੇ ਬਣਨ ਵਾਲੇ ਹੋਣਗੇ ਉਨ੍ਹਾਂਨੂੰ ਹੀ ਧਾਰਨਾ ਹੋਵੇਗੀ। ਤੁਸੀਂ ਜਾਣਦੇ ਹੋ ਅਸੀਂ ਸ਼੍ਰੀਮਤੀ ਤੇ ਰਾਜਧਾਨੀ ਸਥਾਪਨ ਕਰਦੇ ਹਾਂ। ਬਾਪ ਦਾ ਡਾਇਰੈਕਸ਼ਨ ਹੈ ਦੂਸਰਿਆਂ ਨੂੰ ਵੀ ਆਪ ਸਮਾਨ ਬਣਾਓ। ਬਾਪ ਸਾਰਾ ਗਿਆਨ ਸੁਣਾ ਰਹੇ ਹਨ। ਤੁਸੀਂ ਵੀ ਸੁਣਾ ਰਹੇ ਹੋ। ਤਾਂ ਜ਼ਰੂਰ ਇਹ ਸ਼ਿਵਬਾਬਾ ਦਾ ਰਥ ਵੀ ਸੁਣਾ ਸਕਦਾ ਹੋਵੇਗਾ। ਪਰੰਤੂ ਆਪਣੇ ਨੂੰ ਗੁਪਤ ਕਰ ਦਿੰਦੇ ਹਨ। ਤੁਸੀਂ ਸ਼ਿਵਬਾਬਾ ਨੂੰ ਹੀ ਯਾਦ ਕਰਦੇ ਰਹੋ। ਇਨ੍ਹਾਂ ਦੀ ਤੇ ਉਪਮਾ( ਮਹਿਮਾ) ਵੀ ਨਹੀਂ ਕਰਨੀ ਹੈ। ਸ੍ਰਵ ਦਾ ਸਦਗਤੀ ਦਾਤਾ, ਮਾਇਆ ਦੀ ਜੰਜੀਰਾਂ ਤੋਂ ਛੁਡਾਉਣ ਵਾਲਾ ਇੱਕ ਹੀ ਹੈ।

ਬਾਪ ਕਿਵੇਂ ਬੈਠ ਤੁਹਾਨੂੰ ਸਮਝਾਉਂਦੇ ਹਨ - ਇਹ ਤੁਸੀਂ ਬੱਚਿਆਂ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਪਤਾ ਹੀ ਨਹੀਂ ਹੈ। ਮਨੁੱਖ ਇਹ ਵੀ ਨਹੀਂ ਜਾਣਦੇ ਹਨ ਕਿ ਰਾਵਣ ਕੀ ਚੀਜ਼ ਹੈ। ਹਰ ਸਾਲ ਜਲਾਉਂਦੇ ਹੀ ਆਉਂਦੇ ਹਨ। ਐਫ. ਜੀ. ਤਾਂ ਦੁਸ਼ਮਣ ਦਾ ਬਣਾਇਆ ਜਾਂਦਾ ਹੈ ਨਾ। ਤੁਹਾਨੂੰ ਹੁਣ ਪਤਾ ਚਲਿਆ ਹੈ ਕਿ ਰਾਵਣ ਭਾਰਤ ਦਾ ਦੁਸ਼ਮਣ ਹੈ, ਜਿਸਨੇ ਭਾਰਤ ਨੂੰ ਕਿੰਨਾ ਦੁਖੀ ਕੰਗਾਲ ਬਣਾ ਦਿੱਤਾ ਹੈ। ਸਾਰੇ

5 ਵਿਕਾਰਾਂ ਰੂਪੀ ਰਾਵਣ ਦੇ ਪੰਜੇ ਵਿੱਚ ਫ਼ਸੇ ਹੋਏ ਹਨ। ਬੱਚਿਆਂ ਨੂੰ ਅੰਦਰ ਵਿੱਚ ਇਹ ਆਉਣਾ ਚਾਹੀਦਾ ਹੈ - ਕਿਵੇਂ ਹੋਰਾਂ ਨੂੰ ਵੀ ਰਾਵਣ ਤੋਂ ਛੁਡਾਈਏ। ਸਰਵਿਸ ਹੋ ਸਕਦੀ ਹੈ ਤਾਂ ਪ੍ਰਬੰਧ ਕਰਨਾ ਹੈ। ਸੱਚੇ ਦਿਲ ਤੋਂ ਨਿਸਵਾਰਥ ਭਾਵ ਨਾਲ ਸੇਵਾ ਕਰਨੀ ਹੈ। ਬਾਬਾ ਕਹਿੰਦੇ ਹਨ ਇਵੇਂ ਦੇ ਬੱਚਿਆਂ ਦੀ ਹੁੰਡੀ ਮੈਂ ਸਕਾਰਤਾ ( ਭਰਤਾ ) ਹਾਂ। ਡਰਾਮੇ ਵਿੱਚ ਨੂੰਧ ਹੈ। ਸਰਵਿਸ ਦਾ ਅੱਛਾ ਮੌਕਾ ਹੈ ਤਾਂ ਇਸ ਵਿੱਚ ਪੁੱਛਣ ਦਾ ਵੀ ਨਹੀ ਰਹਿੰਦਾ। ਬਾਪ ਨੇ ਕਹਿ ਦਿੱਤਾ ਹੈ ਸਰਵਿਸ ਕਰਦੇ ਰਹੋ। ਮੰਗੋ ਕਿਸੇ ਤੋਂ ਵੀ ਨਹੀਂ। ਮੰਗਣ ਤੋਂ ਮਰਨਾ ਭਲਾ। ਆਪੇ ਹੀ ਤੁਹਾਡੇ ਕੋਲ ਆ ਜਾਵੇਗਾ। ਮੰਗਣ ਨਾਲ ਸੈਂਟਰ ਇਨਾਂ ਜੋਰ ਨਹੀਂ ਭਰੇਗਾ। ਬਿਗਰ ਮੰਗੇ ਤੁਸੀਂ ਸੈਂਟਰ ਜਮਾਓ, ਆਪੇ ਹੀ ਸਭ ਆਉਂਦਾ ਰਹੇਗਾ। ਉਸ ਵਿੱਚ ਤਾਕਤ ਰਹੇਗੀ। ਜਿਵੇਂ ਬਾਹਰ ਵਾਲੇ ਚੰਦਾ ਇਕੱਠਾ ਕਰਦੇ, ਇਵੇਂ ਤੁਸੀਂ ਨਹੀਂ ਕਰਨਾ ਹੈ।

ਮਨੁੱਖ ਨੂੰ ਕਦੇ ਭਗਵਾਨ ਨਹੀਂ ਕਿਹਾ ਜਾਂਦਾ। ਗਿਆਨ ਤੇ ਹੈ ਬੀਜ। ਬੀਜਰੂਪ ਬਾਪ ਬੈਠ ਤੁਹਾਨੂੰ ਗਿਆਨ ਦਿੰਦੇ ਹਨ। ਬੀਜ ਹੀ ਨਾਲੇਜਫੁਲ ਹੈ ਨਾ। ਉਹ ਜੜ੍ਹ ਬੀਜ ਤਾਂ ਵਰਨਣ ਕਰ ਨਹੀਂ ਸਕਣਗੇ। ਤੁਸੀਂ ਵਰਨਣ ਕਰਦੇ ਹੋ। ਸਾਰੀਆਂ ਗੱਲਾਂ ਨੂੰ ਸਮਝ ਸਕਦੇ ਹੋ। ਇਸ ਬੇਹੱਦ ਦੇ ਝਾੜ ਨੂੰ ਕੋਈ ਵੀ ਸਮਝਦੇ ਨਹੀਂ ਹਨ। ਤੁਸੀਂ ਅੰਨਣੀਆ ਬੱਚੇ ਜਾਣਦੇ ਹੋ ਨੰਬਰਵਾਰ ਪੁਰਸ਼ਾਰਥ ਅਨੁਸਾਰ। ਬਾਪ ਸਮਝਾਉਂਦੇ ਹਨ - ਮਾਇਆ ਵੀ ਪ੍ਰਬਲ ਹੈ। ਕੁੱਝ ਸਹਿਣ ਵੀ ਕਰਨਾ ਪੈਂਦਾ ਹੈ। ਕਿੰਨੇ ਕੜੇ - ਕੜੇ ਵਿਕਾਰ ਹਨ। ਚੰਗੇ - ਚੰਗੇ ਸਰਵਿਸ ਕਰਨ ਵਾਲਿਆਂ ਨੂੰ ਚਲਦੇ - ਚਲਦੇ ਇਵੇਂ ਮਾਇਆ ਦੀ ਚਮਾਟ ਲਗ ਜਾਂਦੀ ਹੈ, ਕਹਿੰਦੇ ਹਨ ਅਸੀਂ ਤਾਂ ਡਿੱਗ ਪਏ। ਸੀੜੀ ਉਪਰ ਚੜ੍ਹਦੇ - ਚੜ੍ਹਦੇ ਹੇਠਾਂ ਡਿੱਗ ਪੈਂਦੇ ਹਨ। ਤਾਂ ਕੀਤੀ ਕਮਾਈ ਸਾਰੀ ਚਟ ਹੋ ਜਾਂਦੀ ਹੈ। ਸਜ਼ਾ ਤਾਂ ਜਰੂਰ ਮਿਲਣੀ ਚਾਹੀਦੀ ਹੈ। ਬਾਪ ਨਾਲ ਪ੍ਰਤਿਗਿਆ ਕਰਦੇ ਹਨ, ਲਹੂ ਨਾਲ ਵੀ ਲਿਖ ਕੇ ਦਿੱਤਾ ਫ਼ਿਰ ਵੀ ਗੁੰਮ ਹੋ ਗਏ। ਬਾਬਾ ਪੱਕਾ ਕਰਨ ਲਈ ਵੇਖਦੇ ਵੀ ਹਨ, ਇਤਨੀ ਯੁਕਤੀਆਂ ਕਰਦੇ ਹੋਏ ਵੀ ਫਿਰ ਦੁਨੀਆਂ ਵਿੱਚ ਚਲੇ ਜਾਂਦੇ ਹਨ। ਕਿੰਨਾ ਸਹਿਜ ਸਮਝਾਉਂਦੇ ਹਨ। ਪਾਰਟਧਾਰੀ ਨੂੰ ਆਪਣੇ ਪਾਰਟ ਦਾ ਹੀ ਸਿਮਰਣ ਕਰਨਾ ਚਾਹੀਦਾ ਹੈ। ਆਪਣਾ ਪਾਰਟ ਕੋਈ ਭੁੱਲ ਥੋੜ੍ਹੀ ਨਾ ਸਕਦਾ ਹੈ। ਬਾਪ ਤਾਂ ਰੋਜ਼ ਵੱਖ- ਵੱਖ ਤਰ੍ਹਾਂ ਨਾਲ ਸਮਝਾਉਂਦੇ ਰਹਿੰਦੇ ਹਨ। ਤੁਸੀਂ ਬਹੁਤਿਆਂ ਨੂੰ ਸਮਝਾਉਂਦੇ ਹੋ ਫਿਰ ਵੀ ਕਹਿੰਦੇ ਹਨ ਅਸੀਂ ਬਾਬਾ ਦੇ ਸਾਮ੍ਹਣੇ ਜਾਈਏ। ਬਾਪ ਦਾ ਤੇ ਵੰਡਰ ਹੈ। ਰੋਜ਼ ਮੁਰਲੀ ਚਲਾਉਂਦੇ ਹਨ। ਉਹ ਹੈ ਨਿਰਾਕਾਰ। ਨਾਮ, ਰੂਪ, ਦੇਸ਼, ਕਾਲ ਤਾਂ ਹੈ ਨਹੀਂ। ਫਿਰ ਮੁਰਲੀ ਕਿਵੇਂ ਸੁਣਾਉਣਗੇ। ਵੰਡਰ ਖਾਂਦੇ ਹਨ, ਫਿਰ ਪੱਕੇ ਹੋਕੇ ਆਉਂਦੇ ਹਨ। ਦਿਲ ਹੁੰਦਾ ਹੈ ਐਸਾ ਬਾਪ ਵਰਸਾ ਦੇਣ ਆਏ ਹਨ, ਉਨ੍ਹਾਂ ਨੂੰ ਮਿਲੀਏ। ਇਸ ਪਹਿਚਾਣ ਨਾਲ ਆਕੇ ਮਿਲਣ ਤਾਂ ਬਾਪ ਤੋਂ ਗਿਆਨ ਰਤਨ ਧਾਰਨ ਕਰ ਸਕਣ। ਸ਼੍ਰੀਮਤੀ ਨੂੰ ਪਾਲਣ ਕਰ ਸਕਣ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗਿਆਨ ਨੂੰ ਜੀਵਨ ਵਿੱਚ ਧਾਰਨ ਕਰ ਖੁਸ਼ੀ ਨਾਲ ਗਦਗਦ ਹੋਣਾ ਹੈ। ਵੰਡਰਫੁਲ ਗਿਆਨ ਅਤੇ ਗਿਆਨ ਦਾਤਾ ਦਾ ਸਿਮਰਣ ਕਰ ਡਾਂਸ ਕਰਨਾ ਹੈ।

2. ਆਪਣੇ ਪਾਰਟ ਦਾ ਹੀ ਸਿਮਰਣ ਕਰਨਾ ਹੈ, ਦੂਸਰਿਆਂ ਦੇ ਪਾਰਟ ਨੂੰ ਨਹੀਂ ਵੇਖਣਾ ਹੈ। ਮਾਇਆ ਬੜੀ ਪ੍ਰਬਲ ਹੈ ਇਸਲਈ ਖ਼ਬਰਦਾਰ ਰਹਿਣਾ ਹੈ। ਆਪਣੀ ਉੱਨਤੀ ਵਿੱਚ ਲਗੇ ਰਹੋ। ਸਰਵਿਸ ਦਾ ਸ਼ੌਂਕ ਰੱਖੋ ।

ਵਰਦਾਨ:- ਅੱਛਾਈ ਤੇ ਪ੍ਰਭਾਵਿਤ ਹੋਣ ਦੀ ਬਜਾਏ ਉਸ ਨੂੰ ਖੁਦ ਵਿਚ ਧਾਰਨ ਕਰਨ ਵਾਲੇ ਪ੍ਰਮਾਤਮ ਸਨੇਹੀ ਭਵ।

ਜੇਕਰ ਪ੍ਰਮਾਤਮ ਸਨੇਹੀ ਬਣਨਾ ਹੈ ਤਾਂ ਬਾਡੀ ਕੰਸ਼ੀਅਸ ਦੀਆਂ ਰੁਕਾਵਟਾਂ ਨੂੰ ਚੈਕ ਕਰੋ। ਕਈ ਬੱਚੇ ਕਹਿੰਦੇ ਹਨ ਇਹ ਬਹੁਤ ਚੰਗਾ ਜਾਂ ਚੰਗੀ ਹੈ ਇਸਲਈ ਥੋੜ੍ਹਾ ਰਹਿਮ ਆਉਂਦਾ ਹੈ... ਕਿਸੇ ਦਾ ਕਿਸੇ ਦੇ ਸ਼ਰੀਰ ਨਾਲ ਲਗਾਵ ਹੁੰਦਾ ਤਾਂ ਕਿਸੇ ਦਾ ਕਿਸੇ ਦੇ ਗੁਣਾਂ ਜਾਂ ਵਿਸ਼ੇਸ਼ਤਾਵਾਂ ਨਾਲ। ਲੇਕਿਨ ਉਹ ਵਿਸ਼ੇਸ਼ਤਾਵਾਂ ਜਾਂ ਗੁਣ ਦੇਣ ਵਾਲਾ ਕੌਣ? ਕੋਈ ਚੰਗਾ ਹੈ ਤਾਂ ਅੱਛਾਈ ਨੂੰ ਧਾਰਨ ਭਾਵੇਂ ਕਰੋ ਲੇਕਿਨ ਅੱਛਾਈ ਤੋਂ ਪ੍ਰਭਾਵਿਤ ਨਾ ਹੋ ਜਾਵੋ। ਨਿਆਰੇ ਅਤੇ ਬਾਪ ਦੇ ਪਿਆਰੇ ਬਣੋ। ਅਜਿਹੇ ਪਿਆਰੇ ਮਤਲਬ ਪ੍ਰਮਾਤਮ ਸਨੇਹੀ ਬੱਚੇ ਸਦਾ ਸੇਫ ਰਹਿੰਦੇ ਹਨ।

ਸਲੋਗਨ:- ਸਾਈਲੇਂਸ ਦੀ ਸ਼ਕਤੀ ਇਮ੍ਰਜ਼ ਕਰੋ ਤਾਂ ਸੇਵਾ ਦੀ ਗਤੀ ਫਾਸਟ ਹੋ ਜਾਵੇਗੀ।

******